International Journal of Multidisciplinary Trends

E-ISSN: 2709-9369
P-ISSN: 2709-9350
www.multisubjectjournal.com
IJMT 2022; 4(2): 68-72
Received: 22-06-2022
Accepted: 25-07-2022

**ਨਸੀਬ ਸਿੰਘ**
(ਪੀਐੱਚ.ਡੀ. ਖੋਜਾਰਥੀ)
ਪੰਜਾਬੀ ਅਤੇ ਡੋਗਰੀ ਵਿਭਾਗ,
ਹਿਮਾਚਲ ਪ੍ਰਦੇਸ਼ ਕੇਂਦਰੀ
ਯੂਨੀਵਰਸਿਟੀ, ਧਰਮਸ਼ਾਲਾ'
ਹਿਮਾਚਲ ਪ੍ਰਦੇਸ਼, ਭਾਰਤ

**Corresponding Author:**
**ਨਸੀਬ ਸਿੰਘ**
(ਪੀਐੱਚ.ਡੀ. ਖੋਜਾਰਥੀ)
ਪੰਜਾਬੀ ਅਤੇ ਡੋਗਰੀ ਵਿਭਾਗ,
ਹਿਮਾਚਲ ਪ੍ਰਦੇਸ਼ ਕੇਂਦਰੀ
ਯੂਨੀਵਰਸਿਟੀ, ਧਰਮਸ਼ਾਲਾ'
ਹਿਮਾਚਲ ਪ੍ਰਦੇਸ਼, ਭਾਰਤ

# 'ਮੁਰਗ਼ਾਬੀਆਂ' ਕਹਾਣੀ ਸੰਗ੍ਰਹਿ: ਥੀਮਕ ਪਸਾਰ

## ਨਸੀਬ ਸਿੰਘ

ਪੰਜਾਬੀ ਸਾਹਿਤ ਦੇ ਸਾਗਰ ਵਿਚ ਇਕ ਦਰਿਆ ਪਰਵਾਸੀ ਸਾਹਿਤ ਦਾ ਵੀ ਵਹਿੰਦਾ ਹੈ। ਜਿਹੜਾ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ ਦੇ ਹੋਣ ਦਾ ਮਾਣ ਦਿੰਦਾ ਹੈ। ਪਰਵਾਸੀ ਸਾਹਿਤ ਵਿਚ ਸਾਹਿਤ ਦੀਆਂ ਸਾਰੀਆਂ ਹੀ ਵੰਨਗੀਆਂ ਲਿਖਿਆ ਜਾ ਰਹੀਆਂ ਹਨ ਜਿਨ੍ਹਾਂ ਵਿਚੋਂ ਬਹੁਚਰਚਿਤ ਵਿਧਾ ਪਰਵਾਸੀ ਕਹਾਣੀ ਦੀ ਗੱਲ ਕਰਾਂਗੇ। ਪਰਵਾਸੀ ਕਹਾਣੀ ਦਾ ਮੁੱਢ ਤਾਂ ਬਰਤਾਨੀਆਂ ਵਿਚ ਹੀ ਬਨ੍ਹਿਆਂ ਗਿਆ ਪਰ ਨਾਲ ਹੀ ਦੂਜੇ ਦੇਸ਼ਾਂ ਜਿਵੇਂ ਅਮਰੀਕਾ, ਕਨੈਡਾ, ਅਫਰੀਕਾ, ਯੂਰੋਪ ਅਤੇ ਆਸਟ੍ਰੇਲੀਆਂ ਆਦਿ ਦੇਸ਼ਾ ਵਿਚ ਵੀ ਨਿਰੰਤਰ ਪੰਜਾਬੀ ਕਹਾਣੀ ਲਿਖੀ ਜਾਣ ਲਗ ਪਈ ਸੀ। ਮੁਢੱਲੇ ਦੌਰ ਵਿਚ ਪਰਵਾਸੀ ਪੰਜਾਬੀ ਕਹਾਣੀ ਵਿਚ ਭੂ-ਹੇਰਵਾ, ਪਰਵਾਸੀ ਪੰਜਾਬੀਆਂ ਨੂੰ ਵਿਦੇਸ਼ਾਂ ਵਿਚ ਦਰਪੇਸ਼ ਆਇਆਂ ਔਂਕੜਾਂ, ਨਸਲੀ ਵਿਤਕਰਾ, ਸਭਿਆਚਾਰ ਤਨਾਉ ਆਦਿ ਵਿਸ਼ੇ ਕਹਾਣੀ ਦਾ ਅਧਾਰ ਬਣੇ ਪਰ ਹੁਣ ਇਹਨਾ ਰਵਾਇਤੀ ਵਿਸ਼ਿਆ 'ਚੋਂ ਨਿਕਲ ਕੇ ਅੰਤਰ-ਰਾਸ਼ਟਰੀ ਪੱਧਰ ਦੇ ਵਿਸ਼ਿਆਂ ਨੂੰ ਪਰਵਾਸੀ ਕਹਾਣੀ ਪੇਸ਼ ਕਰ ਰਹੀ ਹੈ।

ਪਰਵਾਸੀ ਕਹਾਣੀ ਦੇ ਖੇਤਰ ਵਿਚ ਕੈਨੇਡਾ ਵਾਸੀ ਗੁਰਮੀਤ ਪਨਾਗ ਦਾ ਨਾਂ ਭਾਵੇਂ ਨਵਾਂ ਹੈ ਪਰ ਕਿਸੇ ਜਾਣ ਪਛਾਣ ਦਾ ਮੁੱਥਾਜ਼ ਨਹੀਂ। ਉਸ ਦੀਆਂ ਪਲੇਠੀਆਂ ਕਹਾਣੀਆਂ ਆਪਣੇ ਨਿਵੇਕਲੇ ਵਿਸ਼ੀਆ ਅਤੇ ਮਿਆਰੀ ਰਸਾਲਿਆਂ ਵਿਚ ਛਪਣ ਸਦਕਾ ਉਹ ਜਿਗਆਸੂ ਪਾਠਕਾਂ ਦਾ ਅਤੇ ਚਿੰਤਨਸ਼ੀਲ ਅਲੋਚਕਾਂ ਦਾ ਧਿਆਨ ਖਿੱਚਣ ਵਿਚ ਸਫ਼ਲ ਰਹੀਆਂ ਹਨ। ਇਕ ਗੱਲ ਉਹਨਾ ਦੀ ਸ਼ਖ਼ਸ਼ੀਅਤ ਵਿਚੋਂ ਉਭੱਰ ਕੇ ਆਉਂਦੀ ਹੈ ਕਿ ਆਧੁਨਿਕ ਯੁੱਗ ਵਿਚ ਮਨੁੱਖ ਜਿਥੇ ਸਵੈ ਕੇਂਦਰਿਤ ਹੋ ਰਿਹਾ ਅਤੇ ਸਮਾਜ ਨਾਲੋ ਟੁੱਟਦਾ ਜਾ ਰਿਹਾ ਹੈ ਪਰ ਗੁਰਮੀਤ ਪਨਾਗ ਹਰ ਸਮਾਜ ਨਾਲ ਜੁੜ੍ਹਨਾ ਚਾਹੁੰਦੀ ਹੈ। ਉਸਦੀ ਰੁਚੀ ਸੀ ਕਿ ਵੱਖ-ਵੱਖ ਕਬੀਲਿਆਂ ਜਾਂ ਹਾਸ਼ੀਗਤ ਲੋਕਾਂ ਨੂੰ ਮਿਲ ਕੇ ਉਹਨਾਂ ਦੀਆਂ ਮੂਲ ਸਮਸਿਆਵਾਂ ਤੋਂ ਜਾਣੂ ਹੋਣਾ ਸੀ। ਉਸ ਦੀ ਸ਼ੈਲੀ ਦੀ ਵਿਸ਼ੇਸ਼ਤਾ ਉਹ ਗੱਲੀ-ਬਾਤੀ ਲਹਿਜੇ ਵਿਚ ਅੰਦਾਜੇ ਬਿਆਂ ਉਸ ਦੀ ਕਹਾਣੀ ਕਥਾ ਨੂੰ ਜੀਵੰਤ ਬਣਾਉਂਦਾ ਹੈ। ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜੀ ਦੀ ਪੱਛਮ-ਪ੍ਰਸਤ ਜੀਵਨ ਸ਼ੈਲੀ ਦੇ ਅਨੁਕੂਲ ਅੰਗਰੇਜੀ ਪੰਜਾਬੀ ਮਿਸ਼ਰਨ ਵਾਲਾ ਗਲਪੀ ਮੁਹਾਵਰਾ ਸਿਰਜਣ ਵਿਚ ਪਨਾਗ ਦੀ ਵਿਸ਼ੇਸ਼ ਮੁਹਾਰਤ ਹੈ

'ਮੁਰਗ਼ਾਬੀਆਂ' ਕਹਾਣੀ ਸੰਗ੍ਰਹਿ ਗੁਰਮੀਤ ਪਨਾਗ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਵਿਚ ਕੁੱਲ ਦਸ ਕਹਾਣੀਆਂ ਹਨ ਜਿਸਦਾ ਸਿਰਲੇਖ ਅਤੇ ਦੂਜੀਆਂ ਕਹਾਣੀਆਂ ਦੇ ਟਾਇਟਲ ਢੁਕਵੇਂ ਅਤੇ ਸਾਰਥਕ ਹਨ। ਮੁਰਗ਼ਾਬੀਆਂ ਕਹਾਣੀ ਸੰਗ੍ਰਹਿ ਵਿਚ ਉਹਨਾਂ ਨੇ ਜਿਹੜ੍ਹੇ ਗਿਆਨ ਦੀ ਗੱਲ ਕੀਤੀ ਹੈ ਉਸ ਵਿਚ ਅਨੁਭਵੀ ਛੋਂਹਾ ਹਨ। ਕਹਾਣੀ ਵਿਚ ਕਲਪਨਾ ਵਧੇਰੇ ਹੁੰਦੀ ਹੈ ਪਰ ਇਸ ਕਹਾਣੀ ਸੰਗ੍ਰਹਿ ਵਿਚ ਯਥਾਰਥ ਦਾ ਬੋਧ ਹੁੰਦਾ ਪ੍ਰਤੀਤ ਹੁੰਦਾ ਨਜ਼ਰ ਆਉਂਦਾ ਹੈ। ਇਸ ਕਹਾਣੀ ਸੰਗ੍ਰਹਿ ਦਾ ਥੀਮਕ ਪਸਾਰ ਵਿਸ਼ਾਲ ਕੈਨਵਸ ਤੇ ਫੈਲਿਆ ਹੋਇਆ ਹੈ ਇਸ ਵਿਚ ਅੰਤਰ-ਰਾਸ਼ਟਰੀ ਮਸੱਲੇ ਅਤੇ ਗਲੋਬਲੀ ਚਿੰਤਨ ਦ੍ਰਿਸ਼ਟੀ ਤੋਂ ਕਹਾਣੀ ਰਚਨਾ ਹੋਈ ਹੈ। ਇਸ ਕਹਾਣੀ ਸੰਗ੍ਰਹਿ ਵਿਚ ਨਸਲਕੁਸ਼ੀ ਅਤੇ ਨਸਲੀ ਵਿਤਕਰਾ, ਦੂਜੀ ਵਿਸ਼ਵ ਜੰਗ ਦੇ ਪ੍ਰਭਾਵ, ਨਸ਼ੇ ਦੀ ਸਮੱਸਿਆ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ, ਇਕਲਾਪਾ ਤੇ ਅਤ੍ਰਿਪਤ ਭਾਵਨਾਵਾਂ, ਵਿਸ਼ਵੀਕਰਨ ਤੇ ਉਦਯੋਗੀਕਰਨ, ਅਣਜੋੜ ਵਿਆਹ ਆਦਿ। ਇਹਨਾਂ ਵਿਸ਼ਿਆਂ ਨੂੰ ਕਹਾਣੀਕਾਰਾ ਨੇ ਬਹੁਤੇ ਸੁਚੱਜੇ ਢੰਗ ਨਾਲ ਨਿਭਾਇਆ ਹੈ। ਇਸ ਦੇ ਥੀਮਕ ਪਸਾਰ ਪਖੋਂ ਉਤਮ ਰਚਨਾ ਹੈ ਇਸ ਦੇ ਥੀਮਕ ਪਸਾਰ ਦਾ ਫੈਲਾਅ ਇਸ ਤਰ੍ਹਾਂ ਹੈ।

'ਮੁਰਗ਼ਾਬੀਆਂ' ਕਹਾਣੀ ਸੰਗ੍ਰਹਿ ਵਿਚ ਪਹਿਲੀ ਅਤੇ ਟਾਇਟਲ ਕਹਾਣੀ 'ਮੁਰਗ਼ਾਬੀਆਂ' ਦਾ ਮੁੱਖ ਥੀਮ ਹੀ ਨਸਲਕੁਸ਼ੀ ਅਤੇ ਨਸਲੀ ਵਿਤਕਰੇ ਦੀ ਪੇਸ਼ਕਾਰੀ ਹੈ। ਨਸਲਕੁਸ਼ੀ ਤੋਂ ਭਾਵ ਕਿਸੇ ਸਮਾਜ ਦੇ ਲੋਕਾਂ ਦੀ ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਨੂੰ ਤਬਦੀਲ ਕਰਕੇ ਆਪਣੇ ਸਮਾਜ

ਵਿਚ ਵਿਲੀਨਿਕਰਨ ਕਰ ਲੈਣਾ, ਉਸ ਦੀ ਹੋਂਦ ਖ਼ਤਮ ਕਰ ਦੇਣੀ ਹੀ ਨਸਲਕੁਸ਼ੀ ਹੈ। 'ਮੁਰਗ਼ਾਬੀਆਂ' ਕਹਾਣੀ ਕੈਨੇਡਾ ਦੀ ਲੋਕ ਗਾਥਾ ਮੁਰਗ਼ਾਬੀਆਂ ਅਤੇ ਲੋਮੜੀ ਦੀ ਗਾਥਾ ਨੂੰ ਪ੍ਰਤੀਕ ਬਣਾ ਕੇ ਕੈਨੇਡਾ ਦੇ ਮੂਲ ਵਾਸਿਆਂ ਜਿਨ੍ਹਾਂ ਨੂੰ ਨੇਟਿਵ ਕਿਹਾ ਜਾਂਦਾ ਹੈ ਉਹਨਾਂ ਦਿਆਂ ਸਮੱਸਿਆਵਾਂ ਨੂੰ ਪੇਸ਼ ਕਰ ਉਹਨਾਂ ਦੇ ਹੱਕਾ ਪ੍ਰਤੀ ਹਾਂ ਦਾ ਹੁੰਗਾਰਾ ਭਰਦੀ ਹੈ। ਇਸ ਲੋਕ ਗਾਥਾ ਦੀ ਮਦੱਦ ਸਦਕਾ ਮੁਰਗ਼ਾਬੀਆਂ ਨੇਟਿਵ ਲੋਕਾਂ ਲਈ ਅਤੇ ਲੋਮੜ੍ਹੀ ਯੂਰਪੀਅਨ ਅੰਗਰੇਜ਼ ਲਈ ਪ੍ਰਤੀਕ ਵਜੋਂ ਵਰਤ ਕੇ ਉਹਨਾਂ ਦੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਯੂਰਪੀਅਨ ਅੰਗਰੇਜ਼ ਚਲਾਕ ਲੋਮੜ੍ਹੀ ਦੀ ਤਰ੍ਹਾਂ ਉਹਨਾਂ ਦੇ ਸਾਰੇ ਅਧਿਕਾਰ ਖੋਹ ਕੇ ਉਹਨਾਂ ਤੇ ਤੱਸ਼ਦਦ ਢਾਹੁਣ ਲੱਗੇ। 'ਮੁਰਗ਼ਾਬੀਆਂ' ਕਹਾਣੀ ਵਿਚ ਕੈਨੇਡਾ ਦੇ ਮੂਲ-ਨਿਵਾਸਿਆਂ ਦੇ ਇਤਿਹਾਸ ਬਾਰੇ ਚਰਚਾ ਹੋਈ ਹੈ। ਕਿਵੇਂ ਉਹਨਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਵੇਂ:

> "ਇਤਿਹਾਸ ਦੀ ਸੱਭ ਤੋਂ ਵੱਡੀ ਨਸਲਕੁਸ਼ੀ ਸਾਡੇ ਨਾਲ ਹੋਈ, ਦਸ ਕਰੋੜ ਨੇਟਿਵ ਲੋਕਾਂ ਨੂੰ ਖ਼ਤਮ ਕਰ ਦਿਤਾ ਗਿਆ। ਪਿਛਲੇ ਦੋ ਤਿੰਨ ਦਹਾਕਿਆਂ ਵਿਚ ਹੀ ਸਾਡੀਆਂ ਢਾਈ ਸੌ ਤੋਂ ਵੀ ਜਿਆਦਾ ਕੁੜੀਆਂ ਅਗਵਾ ਹੋਇਆਂ, ਜਿਨ੍ਹਾਂ ਦੇ ਰੇਪ ਹੋਏ, ਕਤਲ ਹੋਏ ਪਰ ਪੁਲੀਸ ਵਲੋਂ ਕੋਈ ਵਿਧੀਵਤ ਪੈਰਵੀ ਨਹੀਂ ਹੋਈ। ਉਦਾਂ ਤਾਂ ਕੁੱਤਾ-ਬਿੱਲੀ ਮਾਰਨ ਤੇ ਵੀ ਸਜਾ ਹੋ ਜਾਂਦੀ ਏ।"[1]

ਇਹਨਾਂ ਨੇਟਿਵ ਲੋਕਾਂ ਨੂੰ ਹੋਰ ਕਈ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਜਿਵੇਂ ਰੈਡ ਇੰਡੀਅਨ, ਰਿਜ਼ਰਵ ਲੋਕ, ਐਬਰੀਜ਼ਨਲ ਆਦਿ। ਇਸ ਪਿਛੇ ਵੀ ਇਕ ਸਾਜਿਸ਼ ਕੰਮ ਕਰ ਰਹੀ ਹੈ ਕਿ ਇਹਨਾਂ ਦੇ ਇਨ੍ਹੇ ਨਾਮ ਰੱਖ ਦਿੱਤੇ ਜਾਣ ਤਾਂ ਕਿ ਇਹਨਾਂ ਦੀ ਅਸਲ ਪਛਾਣ ਅਲੋਪ ਜੋ ਜਾਵੇ। 'ਮੁਰਗ਼ਾਬੀਆਂ' ਕਹਾਣੀ ਵਿਚ ਇਹਨਾਂ ਨੇਟਿਵ ਲੋਕਾਂ ਦੇ ਮਾਨਿਸਕ ਤਨਾਵ ਨੂੰ ਪੇਸ਼ ਕੀਤਾ ਗਿਆ ਹੈ। 'ਮੁਰਗਾਬੀਆਂ' ਕਹਾਣੀ ਦੀ ਮੁੱਖ ਪਾਤਰ ਟੋਮਾ ਦਸਦੀ ਹੈ ਕਿ ਰੈਜੀਡੈਸ਼ੀਅਲ ਸਕੂਲਾਂ ਵਿਚ ਸਾਡੇ ਬਚਿਆਂ ਨੂੰ ਜਬਰਦਸਤੀ ਰਖਿਆ ਜਾਂਦਾ ਹੈ। ਉੱਥੇ ਇਨ੍ਹਾਂ ਮਾਸੂਮਾਂ ਤੇ ਤਰ੍ਹਾਂ-ਤਰ੍ਹਾਂ ਦੇ ਤਸ਼ੱਦਦ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਜਬਰਦਸਤੀ ਇਸਾਈ ਬਣਾਇਆ ਜਾਂਦਾ ਹੈ। ਇਹਨਾਂ ਦਾ ਸਲੇਬਸ ਹੀ ਇਸ ਤਰ੍ਹਾਂ ਤਿਆਰ ਕੀਤਾ ਜਾਂਦਾ ਇਹਨਾਂ ਮੂਲ ਵਾਸਿਆਂ ਨੂੰ ਇਨ੍ਹਾਂ ਦੇ ਮੂਲ ਤੋਂ ਤੋੜਿਆ ਜਾਂਦਾ ਹੈ। ਦਸਵੀਂ ਪਿੱਛੋਂ ਜਦੋਂ ਬੱਚੇ ਘਰ ਆਉਂਦੇ ਤਾਂ ਨੀਮ ਪਾਗਲ ਹੁੰਦੇ। ਇਹ ਤਨਾਵ ਜਦੋਂ ਸਿਖਰ ਤੇ ਹੁੰਦਾ ਹੈ ਤਾ ਉਹ ਖੁਦਕੁਸ਼ੀ ਦਾ ਕਾਰਨ ਬਣਦਾ ਹੈ। ਮੁਰਗ਼ਾਬੀਆਂ ਕਹਾਣੀ ਵਿਚ ਇਸ ਤਰ੍ਹਾਂ ਪੇਸ਼ ਹੋਇਆ ਹੈ:

> "ਹੁਣ ਸਮਝ ਆਈ ਕਿ ਰਿਜਰਵ ਵਿਚ ਮਾਨਸਿਕ ਰੋਗ ਕਿਉਂ ਜਿਆਦਾ ਨੇ,
> ਅੰਕੜਿਆਂ ਦੇ ਹਿਸਾਬ ਨਾਲ ਵੀ ਕੈਨੇਡਾ 'ਚ ਖੁਦਕੁਸ਼ੀ ਦੀ ਦਰ ਸੱਭ ਤੋਂ
> ਜਿਆਦਾ ਰਿਜਰਵ ਏਰੀਏ ਵਿਚ ਹੀ ਏ।"[2]

'ਮੁਰਗ਼ਾਬੀਆਂ' ਕਹਾਣੀ ਅਤੇ 'ਗੋਰੀ ਅੱਖ ਦਾ ਟੀਰ' ਕਹਾਣੀ ਵਿਚ ਨਸਲੀ ਵਿਤਕਰਾ ਪੇਸ਼ ਹੋਇਆ ਹੈ। ਮੁਰਗ਼ਾਬੀਆਂ ਕਹਾਣੀ ਵਿਚ ਕੈਨੇਡਾ ਦੇ ਮੂਲ ਨਿਵਾਸੀਆਂ ਨਾਲ ਅੰਗਰੇਜ਼ ਵਲੋਂ ਕੀਤਾ ਗਿਆ ਭੇਦ-ਭਾਵ ਅਤੇ ਗੋਰੀ ਅੱਖ ਦਾ ਟੀਰ ਕਹਾਣੀ ਵਿਚ ਗੋਰੇ ਲੋਕਾਂ ਦੁਆਰਾ ਕਾਲੇ ਲੋਕਾਂ ਨਾਲ ਕੀਤਾ ਜਾਂਦਾ ਨਸਲੀ ਵਿਤਕਰਾ ਪੇਸ਼ ਕੀਤਾ ਹੈ। ਗੋਰੀ ਅੱਖ ਦਾ ਟੀਰ ਕਹਾਣੀ ਵਿਚ ਦੇ ਨਾਮ ਤੋਂ ਹੀ ਪਤਾ ਚਲਦਾ ਹੈ ਕਿ ਜਿਆਦਤਰ ਗੋਰੇ ਲੋਕ ਸਾਰੇ ਸਮਾਜ ਨੂੰ ਇਕ ਨਜ਼ਰ ਨਾਲ ਨਹੀਂ ਦੇਖਦੇ। ਇਸ ਕਹਾਣੀ ਦਾ ਮੁੱਖ ਪਾਤਰ ਨੇਥਨ ਬਰਾਉਣ ਹੈ ਉਹ ਅਫਰੀਕਨ ਕਾਲਾ ਹੈ ਜੋ ਕੈਨੇਡਾ ਰਹਿ ਰਹੇ ਹਨ। ਇਕ ਅੰਗਰੇਜ਼ ਅਫਸਰ ਰੋਜ਼ਰ ਸਟੈਨਫੋਰਡ ਨੇਥਣ ਨਾਲ ਜਬਰਦਸਤੀ ਕਰਦਾ ਹੈ। ਰੰਗ ਦੇ ਅਧਾਰ ਤੇ ਬਿਨ੍ਹਾਂ ਕਿਸੇ ਜੁਰਮ ਦੇ ਉਸ ਤੇ ਤਸ਼ੱਦਦ ਕਰਦਾ ਹੈ। ਇਸ ਕਹਾਣੀ ਵਿਚ ਨਸਲੀ ਵਿਤਕਰਾ ਇਸ ਤਰ੍ਹਾਂ ਪੇਸ਼ ਹੋਇਆ ਹੈ:

> "ਤਿੰਨ ਕਾਲੇ ਮੁੰਡਿਆਂ ਨੂੰ ਪੁਲਿਸ ਨੇ ਬਿਨਾ ਕਸੂਰ ਚਾਰਜ ਕਰ ਲਿਆ ਤੇ ਮਾਰ-ਕੁੱਟ ਵੀ ਲਿਆ ਤਾਂ ਕਿਹੜੀ ਵੱਡੀ ਗੱਲ ਹੋ ਗਈ ਸੀ? ਕਿਹੜਾ ਪਹਾੜ ਡਿਗ ਪਿਆ ਸੀ? ਹੈ ਨਾ... ।"[3]

ਇਸ ਕਹਾਣੀ ਸੰਗ੍ਰਹਿ ਵਿਚ ਦੂਸਰੀ ਵਿਸ਼ਵ ਜੰਗ (1939-45) ਦੇ ਸੰਸਾਰ ਪੱਧਰ ਤੇ ਪਏ ਪ੍ਰਭਾਵਾ ਨੂੰ ਦੋ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਕ ਕਹਾਣੀ 'ਕੋਈ ਦੇਸ਼ ਨਾ ਜਾਣੇ ਮੇਰਾ' ਹੈ ਇਸ ਦੀ ਮੁੱਖ ਪਾਤਰ ਗੇਲ ਇੰਗਲੈਂਡ ਦੇ ਕਲਾਈਡਬੈਂਕ ਸ਼ਹਿਰ ਦੇ ਹਲਾਤਾਂ ਦਾ ਵਰਨਣ ਕੀਤਾ ਹੈ। ਇਸ ਕਹਾਣੀ ਵਿਚ ਦਸਿਆ ਹੈ ਕਿ ਵਿਸ਼ਵ ਜੰਗ ਸਮੇਂ ਕਿਵੇਂ ਲੱਖਾ ਲੋਕ ਬੇਘਰ ਹੋ ਗਏ। ਕਿੰਨ੍ਹੇ ਨਿਰਦੋਸ਼ ਲੋਕ ਮਾਰੇ ਗਏ। ਜਿਹੜੇ ਬੱਚ ਗਏ ਉਹ ਜਖ਼ਮੀ ਅਤੇ ਖਾਣ-ਪੀਣ ਦੇ ਸਾਧਨਾ ਦੀ ਕਮੀ ਨਾਲ ਜੂਝਦੇ ਰਹੇ। ਉਹਨਾਂ ਦੀ ਤ੍ਰਾਸਦੀ ਇਵੇਂ ਪੇਸ਼ ਹੋਈ ਹੈ:

> "ਦਿਨ ਰਾਤ ਲਗਾਤਾਰ ਦੋ ਦਿਨ ਹਵਾਈ ਬੰਬਾਰੀ ਚੱਲੀ, ਚਾਲੀ ਹਜ਼ਾਰ ਲੋਕ ਬੇਘਰ ਹੋਏ। ਘੁੱਗ ਵਸਦਾ ਸ਼ਹਿਰ ਜਿਵੇਂ ਅੱਖ ਦੇ ਝਪਕੇ 'ਚ ਹੀ ਸੜ ਕੇ ਸੁਆਹ ਹੋ ਗਿਆ ਹੋਵੇ। ਮਲਬੇ 'ਚੋਂ ਨਿਕਲਦਾ ਗੁਬਾਰ, ਦੁਰਗੰਧ ਤੇ ਅੱਧ-ਸੜੀਆਂ ਲਾਸ਼ਾ ਥਾਂ-ਥਾਂ ਬਿਖ਼ਰੀਆਂ ਪਈਆਂ ਸਨ।"[4]

ਇਕ ਪ੍ਰਭਾਵ ਇਹ ਪਿਆ ਕਿ ਇੰਗਲੈਂਡ ਦੇ ਗੋਰਿਆਂ ਅਤੇ ਜਰਮਨ ਦੇ ਲੋਕਾਂ ਦੇ ਦਿਲਾ ਵਿਚ ਇਕ ਦੂਜੇ ਲਈ ਨਫਰਤ ਪੈਦਾ ਹੋ ਗਈ, ਜੋ ਅੱਜ ਵੀ ਦੇਖੀ ਜਾ ਸਕਦੀ ਹੈ। 'ਕੋਈ ਦੇਸ਼ ਨਾ ਜਾਣੇ ਮੇਰਾ' ਕਹਾਣੀ ਵਿਚ ਜਦੋਂ ਗੇਲ ਦਾ ਭਰਾ ਡੇਵ ਕੈਨੇਡਾ ਫਾਰਮ ਤੇ ਕੰਮ ਕਰਦਾ ਤਾਂ ਉਸ ਨੂੰ ਇਸ ਨਫਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਹ ਕੰਮ ਛੱਡ ਕੇ ਹੋਰ ਜਗ੍ਹਾ ਚਲਾ ਜਾਂਦਾ ਹੈ। ਕਹਾਣੀ ਵਿਚ ਇਹ ਇਸ ਤਰ੍ਹਾਂ ਪੇਸ਼ ਹੋਈ ਹੈ-

> "ਡੇਵ ਜਦੋਂ ਬਲੇਅਰ ਅੰਕਲ ਦੇ ਫਾਰਮ ਤੇ ਮਜਦੂਰੀ ਕਰਦਾ ਸੀ ਤਾਂ ਉਥੇ ਦੋ ਧੜੇ ਬਣ ਗਏ ਸਨ। ਅੰਗ੍ਰੇਜ

> ਮਜ਼ਦੂਰ ਧੜਾ ਦੂਜੇ ਧੜੇ ਦੇ ਜਰਮਨਾ ਨੂੰ ਤੰਗ ਕਰਦਾ।"[5]

ਇਸ ਕਹਾਣੀ ਸੰਗ੍ਰਹਿ ਵਿਚ ਵਿਸ਼ਵ ਜੰਗ ਦੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਵਾਲੀ ਦੂਸਰੀ ਕਹਾਣੀ ਵਾਲੀ 'ਮਿਸ ਇਜੀ' ਹੈ। ਇਸ ਕਹਾਣੀ ਵਿਚ ਇਹ ਦਸਿਆ ਗਿਆ ਹੈ ਕਿ ਇਸ ਵਿਸ਼ਵ ਜੰਗ ਸਦਕਾ ਹੀ ਪਰਵਾਸ ਵੱਲ ਲੋਕਾਂ ਦਾ ਰੁਝਾਣ ਵਧਿਆ ਸੀ ਇੰਗਲੈਂਡ ਦੀ ਮਦਦ ਲਈ ਭਾਰਤ ਤੋਂ ਸਿੱਖ ਰੈਜੀਮੈਂਟ ਅਤੇ ਕਨੈਡਾ ਦੀ ਆਰਮੀ ਨੂੰ ਬੁਲਾਇਆ ਗਿਆ ਸੀ। ਜੰਗ ਖਤਮ ਹੋਣ ਤੋਂ ਬਾਅਦ ਇੰਗਲੈਂਡ ਵਿਚ ਨੋਜਵਾਨਾ ਦੀ ਸੰਖਿਆ ਕਾਫੀ ਘੱਟ ਗਈ ਸੀ ਜਿਸ ਕਾਰਨ ਭਾਰਤੀ ਆਰਮੀ ਦੇ ਕਈ ਜਵਾਨਾ ਇੰਗਲੈਂਡ ਦਿਆਂ ਗੋਰੀਆਂ ਨਾਲ ਵਿਆਹ ਕਰਵਾ ਕੇ ਇਥੇ ਵੱਸ ਗਏ ਅਤੇ ਕਈ ਕੁੜੀਆਂ ਕੈਨੇਡਾ ਦੀ ਆਰਮੀ ਦੇ ਫੌਜਿਆਂ ਨਾਲ ਵਿਆਹ ਕਰਵਾ ਕੇ ਕੈਨੇਡਾ ਚਲਿਆਂ ਗਈਆਂ ਸੀ। 'ਮਿਸ ਇਜੀ' ਕਹਾਣੀ ਦੀ ਮੁੱਖ ਪਾਤਰ ਇਜ਼ੀ ਵੀ ਇੰਗਲੈਂਡ ਤੋਂ ਕੈਨੇਡਾ ਦੇ ਫੌਜ਼ੀ ਫਰੈਂਕ ਕਲਾਇਨ ਨਾਲ ਵਿਆਹ ਕਰਵਾ ਕੇ ਕੈਨੇਡਾ ਆਈ ਸੀ। ਉਹਨਾਂ ਦਸਿਆ ਕਿ ਵਿਸ਼ਵ ਜੰਗ ਸਮੇਂ ਵੀ ਬ੍ਰਿਟਿਸ਼ ਸਰਕਾਰ ਕੁੜੀਆਂ ਦੇ ਵਿਆਹ ਦੀ ਜਿੰਮੇਦਾਰੀ ਪੂਰੀ ਕਨੂੰਨੀ ਕਾਰਵਾਈ ਨਾਲ ਨਿਭਾ ਰਹੀ ਸੀ। ਜਿਵੇਂ ਕਿ-

> "ਫੌਜੀਆਂ ਦਾ ਕੈਨੇਡਾ ਤੋਂ ਪਿਛੋਕੜ ਚੈਕ ਕੀਤਾ ਜਾਂਦਾ ਸੀ, ਕਿਤੇ ਉਹ ਪਹਿਲਾਂ ਤਾਂ ਨਹੀਂ ਵਿਆਹੇ ਹੋਏ ਨਾ ਹੋਣ। ਉਹਨਾਂ ਨੂੰ ਇੰਮੀਗਰੇਸ਼ਨ ਫਾਰਮ ਭਰਨਾ ਪੈਂਦਾ ਸੀ ਜਿਸ ਵਿਚ ਉਹਨਾਂ ਦੀ ਫੌਜ ਤੋਂ ਨੌਕਰੀ ਬਿਨਾਂ ਹੋਰ ਆਮਦਨ ਬਾਰੇ ਪੁਛਿਆ ਜਾਂਦਾ ਸੀ।"[6]

ਨਸ਼ਾ ਅੱਜ ਪੂਰੇ ਸੰਸਾਰ ਵਿਚ ਪੈਰ ਪਸਾਰ ਚੁਕਿਆ ਹੈ। ਇਸ ਸਮਸਿਆਂ ਨੇ ਹੁਣ ਵਿਕਰਾਲ ਰੂਪ ਧਾਰਨ ਕਰ ਲਿਆ ਹੈ ਇਸ ਲਈ ਕਹਾਣੀਕਾਰਾ ਨੇ ਇਸ ਵਿਸ਼ੇ ਨੂੰ ਜਰੂਰੀ ਸਮਝਦੇ ਹੋਏ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਇਹ ਵਿਸ਼ਾ 'ਨਾਈਟ ਲਾਈਫ' ਕਹਾਣੀ ਵਿਚ ਪ੍ਰਮੁਖ ਵਿਸ਼ੇ ਵਜੋਂ ਪੇਸ਼ ਕੀਤਾ ਹੈ ਇਸ ਕਹਾਣੀ ਦੋਂ ਮੁੱਖ ਪਾਤਰ ਅੰਮ੍ਰਿਤਾ ਹੈ ਜੋ 17 ਕੁ ਸਾਲ ਦੀ ਕੁੜੀ ਹੈ। ਉਹ ਸਕੂਲ ਵਿਚ ਪੜਦੀ ਹੈ ਉਹ ਆਪਣੀਆਂ ਦੋਸਤਾਂ ਨਾਲ ਰਾਤਾਂ ਦੀਆਂ ਪਾਰਟੀਆਂ ਵਿਚ ਜਾਣ ਲੱਗ ਪੈਂਦੀ ਹੈ। ਉਥੇ ਉਹ ਨਸ਼ੇ ਦਾ ਸੁਆਦ ਚਖਦੀ ਹੈ ਅਤੇ ਫਿਰ ਆਦੀ ਹੋ ਜਾਂਦੀ ਹੈ। ਇਸ ਕਹਾਣੀ ਵਿਚ ਮਾਰਕ ਨਾਮ ਦਾ ਪਾਤਰ ਨਸ਼ਾ ਤ੍ਰਸਕਾਰ ਹੈ ਉਹ ਕਹਾਣੀ ਵਿਚ ਜਬਰਦਸਤੀ ਅਮ੍ਰਿਤਾ ਨੂੰ ਨਸ਼ਾ ਚਖਾਉਂਦਾ ਹੈ ਜਿਵੇਂ-

> "ਉਕੇ, ਮਾਈ ਸਵੀਟ ਗਰਲ! ਪਹਿਲਾ ਇਕ ਲੰਮਾਂ ਸੂਟਾ ਤੇ ਫਿਰ ਮੂੰਹ ਖੋਲ ਕੇ ਬੰਦ ਕਰਲੈ ਜਿਵੇਂ ਹਵਾ ਨੂੰ ਖਾਣਾ ਹੋਵੇ। ਮਾਰਕ ਸਿਖਾਉਣ ਲਗਾ।
> ਖਊ......ਖਉ......ਖਊ ਮਾਈ ਗੋਡ! ਮੈਨੂੰ ਸਾਹ ਨੀ ਆ ਰਿਹਾ, ਮੈਂ ਨੀ ਪੀਣੀ ..., ਦੈਟਸ ਇੱਟ।"[7]

'ਨਾਇਟ ਲਾਈਫ' ਕਹਾਣੀ ਵਿਚ ਕਈ ਰਸਾਇਣਕ ਨਸ਼ਿਆਂ ਦੇ ਨਾਮ ਲਏ ਹਨ। ਜਿਵੇਂ ਐਲ. ਐਸ. ਡੀ. ਵੀ., ਮੇਰੀਊਆਨਾ, ਵੀਡ, ਟੀਕੇ, ਔਸੀਟੋਸਿਨ ਦੀਆਂ ਗੋਲੀਆਂ ਅਦਿ। ਇਨ੍ਹਾਂ ਨਸ਼ਿਆਂ ਨੇ ਨਵੀਂ ਪੀੜ੍ਹੀ ਦੀ ਜਵਾਨੀ ਤਬਾਹ ਕਰ ਦਿੱਤੀ ਹੈ। ਇਕ ਹੈਰਾਨੀਜਨਕ ਗੱਲ ਹੋਰ ਹੈ ਕਿ ਨਸ਼ਾਂ ਕਰਨ ਵਾਲਿਆਂ ਵਿਚ ਸਕੂਲ ਦੇ ਬਚਿਆਂ ਦੀ ਗਿਣਤੀ ਜਿਆਂਦਾ ਵਧ ਰਹੀ ਹੈ ਜਿਸ ਕਾਰਨ ਬਾਲ ਆਪਰਾਧ ਵੱਧ ਰਹੇ ਹਨ। ਇਸ ਕਹਾਣੀ ਵਿਚ ਵੀ ਮਾਰਕ ਵਰਗੇ ਨਸ਼ਾ ਤ੍ਰਸਕਰ ਸਕੂਲੀ ਬੱਚਿਆਂ ਨੂੰ ਟਾਰਗੇਟ ਕਰਦੇ ਹਨ। ਜਿਵੇਂ ਕਹਾਣੀ ਵਿਚ ਪੇਸ਼ ਹੋਇਆ ਹੈ-

> "ਅੱਜ ਆਪਾਂ ਸਕੂਲ ਦੇ ਨਾਲ ਲੱਗਦੇ ਵਰਾਇਟੀ ਸਟੋਰ 'ਚ ਜਾਣਾ ਏ। ਆਹ ਪੈਕਟ ਬੱਸ ਮੈਂ ਇਕ ਸੀਨੀਅਰ ਸਟੂਡੈਂਟ ਨੂੰ ਫੜਾ ਦੇਣਾ।"[8]

ਪਰਵਾਸੀ ਪੰਜਾਬੀਆਂ ਦੀ ਪਹਿਲੀ ਅਤੇ ਦੂਸਰੀ ਪੀੜੀ ਵਿਚਕਾਰ ਬੜੀ ਭਿਆਨਕ ਦਵੰਦਾਤਮਕ ਸਥਿਤੀ ਦੀ ਪੈਦਾ ਹੋਈ ਹੈ। ਜਿਨ੍ਹਾਂ ਵਿਚ ਤਕਰਾਰ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਕਈ ਵਾਰ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਬੱਚੇ ਆਪਣੇ ਮਾਂ-ਪਿਉ ਵਿਰੁੱਧ ਕੇਸ ਕਰਨ ਤੋਂ ਗੁਰੇਜ਼ ਨਹੀਂ ਕਰਦੇ। 'ਨਾਈਟ ਲਾਈਫ' ਕਹਾਣੀ ਵਿਚ ਇਹ ਸਮੱਸਿਆ ਪੇਸ਼ ਹੋਈ ਹੈ ਜਿਥੇ ਬੱਚੇ ਅਜ਼ਾਦੀ ਮੰਗਦੇ ਹਨ। ਮਾਤਾ-ਪਿਤਾ ਨੂੰ ਇਸ ਅਜ਼ਾਦੀ ਸਦਕਾ ਨਸ਼ੇੜੀ ਅਤੇ ਖੁਲ੍ਹੇ ਸੈਕਸ ਸੰਬੰਧਾ ਦੇ ਆਦੀ ਹੋ ਜਾਂਦੇ ਹਨ ਜਿਵੇਂ ਇਸ ਕਹਾਣੀ ਵਿਚ ਪੇਸ਼ ਹੋਇਆ ਹੈ-

> "ਇਨ੍ਹਾਂ ਮੁਲਕਾਂ ਵਿਚ ਅਸੀ ਆਪਣੇ ਬਚਿਆਂ ਤੋਂ ਡਰਦੇ ਆਂ। ਦੇਖੋ! ਨੌਵੀਂ 'ਚ ਪੜ੍ਹਦਾ ਪੰਜਾਬੀ ਬੱਚਾ ਵਕੀਲ ਕੋਲ ਚਲਾ ਗਿਆ, ਕਿਹੰਦਾ ਮੈਂ ਆਪਣਾ ਮਾਂ-ਬਾਪ ਨੂੰ ਲੀਵ ਕਰਨਾ ਚਾਹੁੰਨਾ... ਮੈਨੂੰ ਅਜ਼ਾਦੀ ਨਹੀਂ ਦਿੰਦੇ।"[9]

ਪਰਵਾਸੀ ਪੰਜਾਬੀ ਨੂੰ ਇਕ ਹੋਰ ਸਮੱਸਿਆ ਇਹ ਆ ਰਹੀ ਹੈ ਕਈ ਵਾਰ ਕੋਈ ਫੈਮਲੀ ਮੈਂਬਰ ਪਿੱਛੇ ਭਾਰਤ ਰਹਿ ਜਾਂਦਾ ਹੈ। ਉਸ ਦਾ ਵੀਜਾ ਕਿਸੇ ਕਾਰਨ ਨਹੀਂ ਲਗਦਾ ਤਾਂ ਉਹ ਦੋਨੋ ਇਸ ਵਿਛੋੜੇ ਦਾ ਸੰਤਾਪ ਹੰਡਾਉਂਦੇ ਹਨ। ਉਹ ਆਪਣੇ ਆਪ ਨੂੰ ਕਿੰਨੇ ਕੁ ਲਾਚਾਰ ਮਹਿਸੂਸ ਕਰਦੇ ਹਨ। 'ਵੀਜਾ ਨਾਨੀ ਦਾ' ਕਹਾਣੀ ਵਿਚ ਮੁੱਖ ਪਾਤਰ ਰੁਪਿੰਦਰ ਪੰਜਾਬ ਵਿਚ ਆਪਣੀ ਇਕਲੀ ਰਹਿ ਰਹੀ ਨਾਨੀ ਨੂੰ ਵਿਦੇਸ਼ ਲੈ ਕੇ ਜਾਣਾ ਚਾਹੁੰਦੀ ਹੈ ਪਰ ਕਿੰਨੀ ਵਾਰ ਕੋਸ਼ਿਸ਼ ਕਰਨ ਤੋਂ ਬਾਅਦ ਵੀ ਅਸਫਲਤਾ ਹੀ ਹੱਥ ਲਗਦੀ ਹੈ। ਇਸ ਸੰਤਾਪ ਨੂੰ ਕਹਾਣੀਕਾਰਾ ਇਸ ਤਰ੍ਹਾਂ ਪੇਸ਼ ਕਰਦੀ ਹੈ-

> "ਸਾਡੇ ਲਈ ਬਾਰਡਰ ਤੇ ਕਾਨੂੰਨ ਕਦੋਂ ਢਿੱਲੇ ਪੈਣਗੇ? ਕੀ ਸਾਡਾ ਇਹੋ ਦੋਸ਼ ਐ ਕਿ ਅਸੀ ਪਰਾਈ ਧਰਤੀ ਨੂੰ ਅਪਣਾ ਲਿਆ? ਕੀ ਇਹਦੀ ਸਜ਼ਾ ਸਾਡੇ ਜਿਉਂਦੇ-ਜੀਅ ਖਤਮ ਹੋ ਜਾਵੇਗੀ।"[10]

ਅਜੋਕੇ ਪੰਜਾਬ ਵਿਚ ਪਰਵਾਸ ਧਾਰਨ ਕਰਨ ਦਾ ਰੁਝਾਣ ਸ਼ਿਖਰ ਤੇ ਹੈ। ਪੰਜਾਬ ਵਿਚ ਬੇਰੋਜਗਾਰੀ ਤੇ ਘੱਟ ਜਮੀਨਾ ਕਰਕੇ ਲੋਕ ਬਾਹਰ ਜਾ ਰਹੇ ਹਨ। ਬਾਹਰ ਜਾਣ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਹਨ। 'ਜਿਨ੍ਹਾਂ ਦੇ ਰੂਪ ਨੇ ਸੋਹਣੇ' ਕਹਾਣੀ ਵਿਚ ਇਹ ਥੀਮ ਪੇਸ਼ ਹੋਈ ਹੈ। ਕਿਵੇਂ ਇਕ ਬਾਪ ਆਪਣੀ ਸਤਰਾਂ-

ਅਠਾਰਾਂ ਸਾਲ ਦੀ ਧੀ ਨੂੰ ਵਿਦੇਸ਼ ਜਾਣ ਦੀ ਲਾਲਸਾ ਕਰਕੇ ਇਕ ਅੱਧਖੜ ਉਮਰ ਦੇ ਬੰਦੇ ਨਾਲ ਵਿਆਹ ਦਿੰਦਾ ਹੈ। ਇਸ ਤਰ੍ਹਾਂ ਦੇ ਅਣਜੋੜ ਵਿਆਹ ਪੰਜਾਬ ਵਿਚ ਹਰ ਰੋਜ ਹੋ ਰਹੇ ਹਨ। ਕਹਾਣੀ ਵਿਚ ਇਸ ਤਰ੍ਹਾਂ ਪੇਸ਼ ਹੋਇਆ ਵਿਸ਼ਾ-

> ਮੈਂ ਤਾਂ ਕਿਹਨਾ, ਪਤਾ ਨੀ ਮੈਂ ਕਿਹੜੇ ਮੋਤੀ ਦਾਨ ਕੀਤੇ ਸੀ, ਪਿਛਲੇ ਜਨਮ 'ਚ ਜਿਹੜ੍ਹਾ ਆ ਰਿਸ਼ਤਾ ਅਇਐ।" ਬਾਪ ਨੂੰ ਆਪਣੇ ਹੋਣ ਵਾਲੇ ਜਵਾਈ ਦੇ ਗੰਜ ਉਪਰ ਕੈਨੇਡਾ ਦਾ ਉਕਰਿਆ ਨਕਸ਼ਾ ਨਜ਼ਰ ਆ ਗਿਆ ਸੀ"[11]

ਸਾਡੇ ਸਮਾਜ ਵਿਚ ਕੁੱਝ ਰੂੜੀਵਾਦੀ ਧਾਰਨਾਵਾਂ ਬਣਿਆ ਹੋਇਆ ਹਨ ਜਿਵੇਂ ਮਰਦ ਹੀ ਘਰ ਲਈ ਉਪਜੀਵਕਾ ਕਮਾਉਂਦਾ ਹੈ। ਔਰਤ ਘਰ ਅਤੇ ਬੱਚੇ ਸੰਭਾਲਦੀ ਹੈ। ਕਈ ਵਾਰ ਪੜੀ ਲਿਖੀ ਕੁੜੀ ਨੂੰ ਵੀ ਸੱਭ ਕੁਝ ਕੁਰਬਾਨ ਕਰਕੇ ਘਰ ਹੀ ਸੰਭਾਲਣਾ ਪੈਂਦਾ ਹੈ। ਇਸ ਤਰ੍ਹਾਂ ਦਾ ਵਿਸ਼ਾ 'ਮਾਈ ਲਾਈਫ ਮਾਈ ਵੇਅ' ਕਹਾਣੀ ਵਿਚ ਪੇਸ਼ ਹੋਇਆ ਹੈ। ਇਸ ਕਹਾਣੀ ਦੀ ਮੁੱਖ ਪਾਤਰ ਸ਼ਰਨ ਹੈ ਜੋ ਪੜੀ ਲਿਖੀ ਅਤੇ ਜੋਬ ਕਰਨ ਦੇ ਕਾਬਿਲ ਹੈ ਪਰ ਉਹ ਪਰਿਵਾਰ ਲਈ ਸਾਰੇ ਸੁਪਨੇ ਕੁਰਬਾਨ ਕਰ ਬੱਚੇ ਪਾਲਣ ਅਤੇ ਘਰ ਸਾਂਭਣ ਲਗ ਜਾਂਦੀ ਹੈ। ਜਿੰਦਗੀ ਦੇ ਕਿਸੇ ਮੋੜ ਤੇ ਆ ਕੇ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਜਿਨ੍ਹਾਂ ਲਈ ਉਹ ਆਪਣੀ ਜ਼ਿੰਦਗੀ ਦੇ ਸੁਪਨੇ ਕੁਰਬਾਨ ਕਰੀ ਬੈਠੀ ਹੈ। ਉਹ ਉਸ ਨੂੰ ਟਿੱਚ ਨਹੀਂ ਜਾਣਦੇ। ਫਿਰ ਉਹ ਅੰਤ ਇਹ ਸਾਰੀਆਂ ਰੂੜੀਆਂ ਨੂੰ ਤੋੜ ਕੇ ਆਪਣੇ ਲਈ ਜੀਣਾ ਸ਼ੁਰੂ ਕਰ ਦਿੰਦੀ ਹੈ ਇਹ ਆਧੁਨਿਕ ਨਾਰੀ ਦੀ ਸਭ ਤੋਂ ਵੱਡੀ ਜਿੱਤ ਹੈ। ਕਹਾਣੀ ਦੀ ਥੀਮ ਇਸ ਤਰ੍ਹਾਂ ਪੇਸ਼ ਹੋਈ ਹੈ-

> " ਮੌਮ! ਬਾਹਰ ਟੂ ਸੀਟਰ ਸਪੋਰਟਸ ਕਾਰ ਜਿਸ ਦੀ ਸਨਰੂਫ ਹੇਠਾਂ ਕੀਤੀ ਪਈ ਏ, ਕਿਸ ਦੀ ਏ?"
> "ਮੈ ਅੱਜ ਹੀ ਖਰੀਦੀ ਏ।"
> "ਡੈਡ ਨੂੰ ਦੱਸਿਆ ਤੁਸੀ?"
> "ਮਾਈ ਫੁੱਟ...।" ਸਾਡੇ ਸੇਵਿੰਗ ਆਕਾਂਉਟ ਤੇ ਮੇਰਾ ਵੀ ਹੱਕ ਹੈ ਕੋਈ ... ਸਾਰੀ ਉਮਰ ਮੈਂ ਜੋੜਦੀ ਮਰ ਗਈ।"[12]

ਅਜੋਕੇ ਸਮੇਂ ਵਿਚ ਮਨੁੱਖ ਇਕਲਾਪੇ ਦਾ ਸ਼ਿਕਾਰ ਹੋ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸੰਯੁਕਤ ਪਰਿਵਾਰ ਟੁੱਟ ਰਹੇ ਹਨ ਅਤੇ ਲਘੂ ਪਰਿਵਾਰ ਬਣ ਰਹੇ ਹਨ। ਬੱਚੇ ਨੋਕਰੀ ਲਈ ਘਰ ਛੱਡ ਕੇ ਦੂਸਰੇ ਸ਼ਹਿਰਾਂ ਵਿਚ ਜਾ ਰਹੇ ਹਨ। ਪਰ ਮਾਤਾ-ਪਿਤਾ ਆਪਣੇ ਹੱਥੀਂ ਬਣਾਏ ਘਰ ਵਿਚ ਹੀ ਬੁਢਾਪਾ ਕਟਣਾ ਚਾਹੁੰਦਾ ਹੈ। ਇਹ ਇਕਲਾਪਾ ਹੋਰ ਵੀ ਤੀਬਰ ਹੋ ਜਾਂਦਾ ਜਦੋਂ ਪਤੀ-ਪਤਨੀ ਵਿਚੋਂ ਕੋਈ ਇਕ ਮਰ ਜਾਂਦਾ ਜਾਂ ਸਾਥ ਛੱਡ ਜਾਂਦਾ ਹੈ। 'ਕਾਸ਼ਨੀ ਸੁਪਨੇ' ਕਹਾਣੀ ਵਿਚ ਕੁਲਦੀਪ ਕੌਰ ਪਿਛਲੀ ਉਮਰੇ ਇਕਲਾਪੇ ਦਾ ਸ਼ਿਕਾਰ ਹੈ ਉਹ ਆਪਣੇ ਬੇਟੇ ਤੋਂ ਅਲਗ ਰਹਿ ਰਹੀ ਹੈ। ਉਸਦਾ ਪਤੀ ਮਰ ਚੁੱਕਾ ਹੈ। ਇਸੇ ਤਰ੍ਹਾਂ ਇਕ ਹੋਰ ਪਾਤਰ ਡਾ. ਸਿੱਧੂ ਵੀ ਇਕਲਾ ਹੀ ਰਹਿ ਰਿਹਾ ਹੈ ਜਦੋਂ ਦੋਨੋ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ ਉਹ ਇਕ ਦੂਸਰੇ ਵੱਲ ਖਿੱਚੇ ਚੱਲੇ ਜਾਂਦੇ ਹਨ। ਇਸ ਕਹਾਣੀ ਤੋਂ ਇਹ ਪਤਾ ਚਲਦਾ ਹੈ ਕਿ ਕਾਮ-ਵਾਸਨਾ ਮਨੁੱਖ ਦੀਆਂ ਮੁਢੱਲੀਆਂ ਜਰੂਰਤਾਂ ਵਿਚੋਂ ਇਕ ਹੈ ਇਹ ਖਤਮ ਨਹੀਂ ਹੁੰਦੀ ਪਰ ਕੁਝ ਸਮੇਂ ਲਈ ਦਬਾਈ ਜਾ ਸਕਦੀ ਹੈ। ਇਸ ਕਹਾਣੀ ਵਿਚ ਇਸ ਤਰ੍ਹਾਂ ਪੇਸ਼ ਹੋਇਆ ਵਿਸ਼ਾ-

> "ਡਾਕਟਰ ਸਿੱਧੂ ਮੁਸਕਰਾਇਆ ਤੇ ਉਸ ਨੇ ਇਕ ਮੋਹ-ਭਿਜੀ ਨਜ਼ਰ ਨਾਲ ਕੁਲਦੀਪ ਵੱਲ ਤਕਿਆ ਤੇ ਬੋਲਿਆ, "ਮਿਸਜ਼ ਗਿੱਲ ! ਤੁਹਾਨੂੰ ਇਹ ਪਰਪਲ ਡਰੈਸ ਬਹੁੱਤ ਜਚਦੀ ਏ...।" ਜਵਾਬ ਸੁਣੇ ਬਗੈਰ ਹੀ ਉਹ ਦਰਵਾਜਿਉ ਬਾਹਰ ਹੋ ਗਿਆ ਤੇ ਕੁਲਦੀਪ ਦੀਆਂ ਅੱਖਾਂ ਉਸ ਨੂੰ ਤੁਰੇ ਜਾਂਦੇ ਨੂੰ ਉਦੋਂ ਤੱਕ ਤਕਦੀਆਂ ਰਹੀਆਂ ਜਦ ਤੱਕ ਉਹ ਉਹਲੇ ਨਹੀਂ ਹੋ ਗਿਆ ਤੇ...।" [13]

ਇਕ ਹੋਰ ਕਹਾਣੀ 'ਹੁਸੀਨ ਖਾਬ' ਕਹਾਣੀ ਵਿਚ ਵੀ ਪੱਛਮੀ ਸਮਾਜ ਵਿਚ ਇਕਲਾਪੇ ਵਿਚ ਗ੍ਰਸਤ ਨੋਜਵਾਨ ਪੀੜੀ ਦੀ ਗੱਲ ਹੋਈ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ ਅਤੇ ਪਰਿਵਾਰ ਸਮਾਜ ਦੀ ਸੱਭ ਤੋਂ ਛੋਟੀ ਇਕਾਈ ਹੈ। ਪੱਛਮੀ ਸਮਾਜ ਵਿਚ ਨੌਜਵਾਨ ਜਲਦੀ ਵਿਆਹ ਨਹੀਂ ਕਰਾਉਂਦੇ ਫਿਰ ਕਿਸੇ ਖਾਸ ਉਮਰ ਦੇ ਪੜਾਅ ਤੇ ਇਕਲਾ ਮਹਿਸੂਸ ਕਰਦੇ ਹਨ ਤਾਂ ਉਹ ਪਰਿਵਾਰ ਬਣਾਉਣ ਬਾਰੇ ਸੋਚਦੇ ਹਨ। ਇਸੇ ਤਰ੍ਹਾਂ ਕਹਾਣੀ ਦੀ ਪਾਤਰ ਰੀਟਾ ਅਤੇ ਅਮੀਲੀ ਨਾਂ ਦੀ ਪਾਤਰ ਨਾਲ ਹੁੰਦਾ ਹੈ। ਉਹਨਾਂ ਦੇ ਦਰਦ ਨੂੰ ਕਹਾਣੀਕਾਰ ਨੇ ਇਸ ਤਰ੍ਹਾਂ ਪੇਸ਼ ਕੀਤਾ-

> "ਕ੍ਰਿਸਮਿਸ ਤੇ ਜਦੋਂ ਘਰ ਜਾਉ ਤਾਂ ਭੈਣ-ਭਰਾ ਆਪਦੇ ਪਾਰਟਨਰ ਨਾਲ ਗਿਫਟ ਖੋਲਣਗੇ, ਹੱਸਣਗੇ-ਖੇਡਣਗੇ, ਮੇਰੇ ਵਰਗੀ ਆਪਣੇ ਹੰਝੂ ਰੋਕਣ ਦੀ ਕੋਸ਼ਿਸ਼ ਕਰ ਰਹੀ ਹੁੰਦੀ ਐ, ਜਿਵੇਂ ਕਿਸੇ ਪਿਟੀ ਪਾਰਟੀ 'ਚ ਆਈ ਹੋਵਾਂ।"[14]

'ਮੁਰਗ਼ਾਬੀਆਂ' ਕਹਾਣੀ ਸੰਗ੍ਰਹਿ ਥੀਮਕ ਪਸਾਰ ਪੱਖੋਂ ਇਕ ਉੱਤਮ ਰਚਨਾ ਹੈ। ਗੁਰਮੀਤ ਪਨਾਗ ਜੀ ਨੇ ਮਹਤਵਪੂਰਨ ਵਿਸ਼ਿਆ ਨੂੰ ਕੇਂਦਰ ਬਿੰਦੂ ਬਣਾਇਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੈਨੇਡਾ ਦੇ ਮੂਲ ਵਾਸਿਆਂ ਅਤੇ ਕਾਲੇ ਅਫਰੀਕਨਾ ਦੇ ਨਾਲ ਹੋ ਰਹੇ ਨਸਲੀ ਭੇਦ ਨੂੰ ਪੇਸ਼ ਕੀਤਾ ਹੈ। ਦੂਸਰੀ ਵਿਸ਼ਵ ਜੰਗ ਦੇ ਮਾਰੂ ਪ੍ਰਭਾਵਾਂ ਨੂੰ ਪੇਸ਼ ਕੀਤਾ ਹੈ। ਪਰਵਾਸੀ ਪੰਜਾਬੀਆਂ ਦੀ ਪਹਿਲੀ ਅਤੇ ਦੂਜੀ ਪੀੜੀ ਦੇ ਦਵੰਦ ਨੂੰ ਪੇਸ਼ ਕੀਤਾ ਹੈ। ਨਸ਼ੇ ਦੀ ਸਮੱਸਿਆ ਅਤੇ ਨਸ਼ਾ ਤ੍ਰਸਕਾਰੀ ਦੀ ਗੱਲ ਹੋਈ ਹੈ। ਇਹਨਾਂ ਤੋਂ ਬਿਨਾਂ ਕੁਝ ਗੌਣ ਵਿਸ਼ੇ ਪੇਸ਼ ਹੋਏ ਜਿਵੇਂ ਕੁਦਰਤ ਵੱਲ ਜਾਣਾ, ਉਦਯੋਗੀਕਰਨ ਵੱਧਣਾ ਆਦਿ। ਇਹ ਕਹਾਣੀ ਸੰਗ੍ਰਹਿ ਅਜੋਕੇ ਵਿਸ਼ਵੀਕਰਨ, ਆਧੁਨਿਕਤਾ ਅਤੇ ਇਤਿਹਾਸਕ ਪੱਖੋਂ ਗੌਲਣ ਯੋਗ ਹੈ ਜਿਸ ਵਿਚ ਇਤਿਹਾਸ ਅਤੇ ਆਧੁਨਿਕਤਾ ਦਾ ਸੁਮੇਲ ਕੀਤਾ ਗਿਆ ਹੈ ਜੋ ਪਾਠਕ ਨੂੰ ਵਖਰੇ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਗੁਰਮੀਤ ਪਨਾਗ, ਮੁਰਗ਼ਾਬੀਆਂ, ਅਸਥੈਟਿਕਸ ਪਬਲੀਕੇਸ਼ਨ, ਲੁਧਿਆਣਾ,2018 ਪੰਨਾ 19.

2. ਉਹੀ, ਪੰਨਾ 19.
3. ਉਹੀ, ਪੰਨਾ 71.
4. ਉਹੀ, ਪੰਨਾ 44.
5. ਉਹੀ, ਪੰਨਾ 46.
6. ਉਹੀ, ਪੰਨਾ 134.
7. ਉਹੀ, ਪੰਨਾ 94.
8. ਉਹੀ, ਪੰਨਾ 98.
9. ਉਹੀ, ਪੰਨਾ 89.
10. ਉਹੀ, ਪੰਨਾ 62.
11. ਉਹੀ, ਪੰਨੇ 69.
12. ਉਹੀ, ਪੰਨਾ 39.
13. ਉਹੀ, ਪੰਨਾ 113.
14. ਉਹੀ, ਪੰਨਾ 118.